# ਸਰਾਭਾ ਤੇ ਸੁਭਾਸ ਦੀ ਡੂੰਘੀ ਸਾਂਝ

ਮਲਵਿੰਦਰ ਜੀਤ ਸਿੰਘ ਵੜੈਚ

ਭਾਰਤ ਦੇ ਮਹਾਨ ਸਪੂਤ ਨੇਤਾ ਜੀ ਸੁਭਾਸ ਚੰਦਰ ਬੋਸ ਦਾ ਜਨਮ 23 ਜਨਵਰੀ 1897 ਨੂੰ ਉੜੀਸਾ ਦੇ ਕਟਕ ਸ਼ਹਿਰ ਵਿੱਚ ਹੋਇਆ, ਜੋ ਉਦੋਂ ਬੰਗਾਲ ਪ੍ਰਾਂਤ ਦਾ ਹੀ ਹਿੱਸਾ ਸੀ। ਉਨ੍ਹਾਂ ਦੇ ਪਿਤਾ ਸ਼੍ਰੀ ਜਾਨਕੀਦਾਸ ਬੋਸ ਬੰਗਾਲੀ ਸਨ, ਜੋ ਉਨ੍ਹੀਂ ਦਿਨੀਂ ਸਰਕਾਰੀ ਵਕੀਲ ਵਜੋਂ ਕਟਕ ਵਿੱਖੇ ਨਿਯੁਕਤ ਸਨ। ਸਰਾਭਾ ਅਤੇ ਬੋਸ ਦੇ ਸਾਂਝ ਗੁਰੂ ਮਹਾਨ ਦੇਸ਼ ਭਗਤ ਸ਼੍ਰੀ ਬੇਨੀ ਮਾਧਬ ਦਾਸ ਸਨ, ਜਿਨ੍ਹਾਂ ਨੇ ਆਪਣੀ ਸਪੁੱਤਰੀ ਬੀਨਾ ਨੂੰ 6 ਜਨਵਰੀ 1932 ਵਾਲੇ ਦਿਨ ਬੀ.ਏ. ਦੀ ਡਿਗਰੀ ਬੰਗਾਲ ਦੇ ਗਵਰਨਰ ਤੋਂ ਪ੍ਰਾਪਤ ਕਰਨ ਮੌਕੇ ਮਾਰ ਮੁਕਾਉਣ ਲਈ ਪਹਿਲਾਂ ਉਹਨੂੰ ਪਿਸਤੌਲ ਦੀ ਸਿਖਲਾਈ ਦਿੱਤੀ ਤੇ ਫਿਰ ਆਪਣ ਹੱਥੀ ਪਿਸਤੌਲ ਦੇਕੇ ਤੋਰਿਆ ਸੀ; ਸਰਾਭੇ ਦੇ ਇਸ ਪਿਛੋਕੜ ਦੀ ਤਾਈਦ ਟ੍ਰਿਬਿਊਨਲ ਦੇ ਜੱਜਾਂ ਨੇ ਵੀ ਇਹ ਕਹਿੰਦਿਆਂ ਕੀਤੀ ਹੈ ਕਿ ਸਰਾਭੇ ਨੂੰ ਵਿਦਰੋਹ ਦੀ ਜਾਗ ਉੜੀਸਾ-ਬੰਗਾਲ 'ਚ ਪੜ੍ਹਦਿਆਂ ਹੀ ਲੱਗੀ ਸੀ।



ਰੇਵਨਸ਼ਾ ਕਾਲਜੀਏਟ ਕਟਕ ਜਿੱਥੋਂ ਕਰਤਾਰ ਸਿੰਘ ਸਰਾਭਾ ਅਤੇ ਸੁਭਾਸ ਚੰਦਰ ਬੋਸ ਨੇ ਆਪਣੇ ਮਹਾਨ ਦੇਸ਼ਭਗਤ ਗੁਰੂ ਸ਼੍ਰੀ ਬੇਨੀ ਮਾਧਬ ਦਾਸ ਤੋਂ ਪੜ੍ਹਦੇ ਹੋਏ ਦਸਵੀਂ ਪਾਸ ਕੀਤੀ ਸੀ। ਬੇਨੀ ਮਾਧਬ ਤੋਂ ਹੀ ਇਨ੍ਹਾਂ 'ਚ ਇਨਕਲਾਬੀ ਵਿਚਾਰਧਾਰਾ ਪਨਪੀ ਸੀ। ਇਹ ਸਕੂਲ 1851 'ਚ ਬਣਿਆ ਸੀ, ਜੋ ਹੁਣ ਰੇਵਨਸ਼ਾ ਯੂਨਿਵਰਸਿਟੀ 'ਚ ਤਬਦੀਲ ਹੋ ਚੁੱਕਾ ਹੈ।

ਸੁਭਾਸ ਜੀ ਨੇ ਪਹਿਲਾਂ ਮਿਸ਼ਨਰੀ ਸਕੂਲ ਤੇ ਫਿਰ ਪ੍ਰਾਇਮਰੀ ਪਾਸ ਕਰਨ ਪਿੱਛੋਂ ਰੇਵਨੇਸ਼ ਕਾਲਜੀਏਟ ਸਕੂਲ 'ਚੋਂ 1913 'ਚ ਮੈਟ੍ਰਿਕ ਕੀਤੀ, ਜਿੱਥੋਂ ਕਿ ਸਰਾਭਾ ਨੇ 1912 'ਚ ਦਸਵੀਂ ਪਾਸ ਕੀਤੀ ਸੀ।

ਅਗਲੇਰੀ ਪੜ੍ਹਾਈ ਲਈ ਸੁਭਾਸ ਦੇ ਪਿਤਾ ਉਸ ਨੂੰ ਵਲੈਤ ਭੇਜਣਾ ਚਾਹੁੰਦੇ ਸਨ, ਪਰ ਉਸ ਦਾ ਕਹਿਣਾ ਸੀ ਕਿ ਮੈਂ ਕਿਸੇ ਹਾਲਤ ਵਿੱਚ ਵੀ ਸਰਕਾਰੀ ਨੌਕਰੀ ਨਹੀਂ ਕਰਨੀ। ਪਿਤਾ ਨੇ ਕਿਤੇ ਉਨ੍ਹਾਂ ਦੀ ਮਾਤਾ ਜੀ ਨੂੰ ਕਿਹਾ ਕਿ ਦਰਅਸਲ ਸੁਭਾਸ ਨੂੰ ਖਦਸ਼ਾ ਹੈ ਕਿ ਉਹ ਇਮਤਿਹਾਨ ਪਾਸ ਨਹੀਂ ਕਰ ਸਕੇਗਾ। ਸੁਭਾਸ ਦ ਕੰਨੀ ਜਦ ਇਹ ਸ਼ਬਦ ਪਏ ਤਾਂ ਉਸ ਦਾ ਜਵਾਬ ਸੀ, 'ਪਿਤਾ ਜੀ, ਮੈਂ ਵਲੈਤ ਜ਼ਰੂਰ ਜਾਵਾਂਗਾ ਅਤੇ ਆਪ ਜੀ ਨੂੰ ਇਮਤਿਹਾਨ ਵਿੱਚੋਂ ਪਾਸ ਹੋ ਕੇ ਵਿਖਾਵਾਂਗਾ, ਪਰ ਮੈਂ ਵਿਦੇਸ਼ੀਆਂ ਦੀ ਚਾਕਰੀ ਕਦਾਚਿਤ ਨਹੀਂ ਕਰਾਂਗਾ।' ਪਿਤਾ ਨੇ ਸ਼ਰਤ ਪਰਵਾਨ ਕਰ ਲਈ।

ਸੁਭਾਸ ਵਲੈਤ ਪਹੁੰਚੇ ਤ ਆਈ.ਸੀ.ਐਸ. ਦੀ ਪ੍ਰੀਖਿਆ ਦੀ ਤਿਆਰੀ ਵਿੱਚ ਜੁਟ ਗਏ। ਜ਼ਿਕਰਯੋਗ ਹੈ ਕਿ ਉਨ੍ਹੀਂ ਦਿਨੀਂ ਇਹ ਇਮਤਿਹਾਨ ਦੇਣ ਲਈ ਇੰਗਲੈਂਡ ਜਾਣਾ ਪੈਂਦਾ ਸੀ। ਸੁਭਾਸ ਨੇ ਇਸ ਮੁਕਾਬਲੇ ਦੀ ਸਿਰਮੌਰ ਪ੍ਰੀਖਿਆ ਵਿੱਚ ਚੌਥਾ ਸਥਾਨ ਪ੍ਰਾਪਤ ਕੀਤਾ ਤੇ ਨਾਲ ਹੀ ਕੈਂਬਰਿਜ ਯੂਨੀਵਰਸਿਟੀ ਤੋਂ ਬੀ.ਏ. ਦੀ ਡਿਗਰੀ ਵੀ ਪ੍ਰਾਪਤ ਕਰ ਲਈ।

ਆਈ.ਸੀ.ਐਸ. ਪ੍ਰੀਖਿਆ ਪਾਸ ਕਰਨ ਵਾਲਿਆਂ ਨੂੰ ਡੀ.ਸੀ. ਆਦਿ ਵਰਗੀਆਂ ਵੱਡੀਆਂ ਵੱਡੀਆਂ ਪਦਵੀਆਂ 'ਤੇ ਨਿਯੁਕਤ ਕੀਤਾ ਜਾਂਦਾ ਸੀ। ਲੰਦਨ ਸਥਿਤ ਇੰਡੀਆ ਹਾਊਸ ਵਿੱਚ ਉਨ੍ਹਾਂ ਨੂੰ ਸੱਦਿਆ ਗਿਆ ਅਤੇ ਸਬੰਧਿਤ ਅੰਗਰੇਜ਼ ਉੱਚ ਅਧਿਕਾਰੀ ਨੇ ਵੱਡੀ ਪਦਵੀ ਦੀ ਪੇਸ਼ਕਸ਼ ਕੀਤੀ।

ਸੁਭਾਸ ਗੰਭੀਰ ਹੋ ਕੇ ਬੋਲੇ, 'ਮੈਂ ਤਾਂ ਅਜਿਹਾ ਅਭਿਆਸ ਕਰ ਰੱਖਿਆ ਹੈ ਕਿ ਮੈਂ ਦੋ ਆਨੇ (13 ਪੈਸੇ) ਵਿੱਚ ਵੀ ਗੁਜਾਰਾ ਕਰ ਸਕਦਾ ਹਾਂ...।'

ਉੱਚ ਅਧਿਕਾਰੀ ਨਿਰ-ਉੱਤਰ ਹੋ ਗਿਆ ਤੇ ਸੁਭਾਸ ਦੇਸ਼ ਪਰਤ ਆਏ।

**ਨਾ-ਮਿਲਵਰਤਣ ਲਹਿਰ** (1.8.1920-12.2.1922): 1921 ਦਾ ਦੌਰ ਸੀ ਜਦੋਂ ਸਰਕਾਰੀ ਮਾਨਤਾ ਪ੍ਰਾਪਤ ਸਿੱਖਿਆ ਸੰਸਥਾਵਾਂ ਦੇ ਬਦਲ ਵਜੋਂ ਨੈਸ਼ਨਲ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਕਾਇਮ ਕੀਤੀਆਂ

ਜਾ ਰਹੀਆਂ ਸਨ। ਉਨ੍ਹੀਂ ਦਿਨੀਂ ਬੰਗਾਲ ਦੇ ਪ੍ਰਮੁੱਖ ਕੌਮੀ ਨੇਤਾ ਦੇਸ਼ਬੰਧੂ ਚਿਤਰੰਜਨ ਦਾਸ ਨੇ ਬੋਸ ਨੂੰ ਕਲਕੱਤਾ ਦੇ ਇੱਕ ਨੈਸ਼ਨਲ ਕਾਲਜ ਦਾ ਪ੍ਰਿੰਸ਼ੀਪਲ ਨਿਯੁਕਤ ਕਰ ਦਿੱਤਾ।

1922 ਵਿੱਚ ਬੰਗਾਲ ਵਿੱਚ ਬੜੇ ਭਿਅੰਕਰ ਹੜ੍ਹ ਆਏ ਤੇ ਰਿਹਾਅ ਹੋਣ ਪਿੱਛੋਂ ਸੁਭਾਸ ਨੇ ਹੜ੍ਹ-ਪੀੜਤਾਂ ਲਈ ਰਾਹਤ ਕਾਰਜਾਂ ਵਿੱਚ ਦਿਨ-ਰਾਤ ਇੱਕ ਕਰ ਦਿੱਤੇ।

25 ਅਕਤੂਬਰ 1924 ਨੂੰ ਸਰਕਾਰ ਨੇ ਇੱਕ ਜਾਬਰਾਨਾ ਆਰਡੀਨੈਂਸ ਲਾਗੂ ਕਰਕੇ ਕਿਸੇ ਵੀ ਵਿਅਕਤੀ ਨੂੰ ਬਿਨਾਂ ਮੁਕੱਦਮਾ ਚਲਾਏ ਕੈਦ ਕਰ ਲੈਣ ਦੇ ਅਧਿਕਾਰ ਹਾਸਿਲ ਕਰ ਲਏ ਤੇ ਸਭ ਤੋਂ ਪਹਿਲਾਂ ਇਸ ਦਾ ਨਿਸ਼ਾਨਾ ਸੁਭਾਸ ਹੀ ਬਣੇ।

ਜੇਲ੍ਹਾਂ ਵਿੱਚ ਹਾਲਾਤ ਇੰਨੇ ਭੈੜੇ ਸਨ ਕਿ ਉਨ੍ਹਾਂ ਦੀ ਸਿਹਤ ਵਿਗੜਣ ਲੱਗੀ, ਜਿਸ ਕਰਕੇ ਉਨ੍ਹਾਂ ਦਾ ਇੱਕ ਫੇਫੜਾ ਖਰਾਬ ਹੋ ਗਿਆ ਤੇ ਰੰਗ ਵੀ ਪੀਲਾ ਪੈ ਗਿਆ। ਇਥੋਂ ਤੱਕ ਕਿ ਚਲਣਾ-ਫਿਰਨਾ ਮੁਸ਼ਕਿਲ ਹੋ ਗਿਆ। ਸਰਕਾਰ ਨੇ ਪੇਸ਼ਕਸ਼ ਕੀਤੀ ਕਿ ਜੇ ਉਹ ਸਵਿਟਜ਼ਰਲੈਂਡ ਜਾ ਕੇ ਇਲਾਜ ਕਰਾਉਣਾ ਚਾਹੁਣ ਤਾਂ ਉਨ੍ਹਾਂ ਨੂੰ ਇਸ ਦੀ ਖੁੱਲ੍ਹ ਦਿੱਤੀ ਜਾ ਸਕਦੀ ਹੈ। ਪਰ ਉਨ੍ਹਾਂ ਨੇ ਸਰਕਾਰ ਦੀ ਪੇਸ਼ਕਸ਼ ਨ ਠੁਕਰਾ ਦਿੱਤਾ; ਉਧਰ ਦੇਸ਼ ਭਰ ਵਿੱਚ ਉਨ੍ਹਾਂ ਦੀ ਰਿਹਾਈ ਦੇ ਹੱਕ ਵਿੱਚ ਵੱਡੇ-ਵੱਡੇ ਜਲਸੇ ਅਤੇ ਹੜਤਾਲਾਂ ਹੋਣ ਲੱਗੀਆਂ ਤਾਂ ਉਨ੍ਹਾਂ ਨੂੰ 16 ਮਈ 1927 ਨੂੰ ਰਿਹਾਅ ਕੀਤਾ ਗਿਆ।

ਫੇਰ ਜਦੋਂ 26 ਜਨਵਰੀ 1930 ਦਾ ਦਿਨ ਨੇੜੇ ਆ ਰਿਹਾ ਸੀ। ਪਿਛਲੇ ਸਾਲ ਹੀ ਇਸ ਦਿਨ ਨੂੰ ਹਰ ਸਾਲ 'ਆਜ਼ਾਦੀ ਦਿਵਸ' ਵਜੋਂ ਮਨਾਏ ਜਾਣ ਦਾ ਐਲਾਨ ਹੋਇਆ ਸੀ। ਸਰਕਾਰ ਨੇ ਦਫ਼ਾ-144 ਲਾਗੂ ਕਰ ਦਿੱਤੀ, ਪਰ ਜੋਸ਼ੀਲੇ ਨੌਜਵਾਨ ਗਲੀਆਂ ਬਾਜ਼ਾਰਾਂ ਵਿੱਚ ਨਿਕਲ ਆਏ ਤੇ ਸੁਭਾਸ ਦੀ ਅਗਵਾਈ ਵਿੱਚ ਨਾਅਰੇ ਲਾਉਂਦੇ ਸ਼ਹਿਰ ਵਿੱਚ ਮੁਜਾਹਰੇ ਕਰਨ ਲੱਗੇ। ਲਾਠੀਚਾਰਜ ਹੋਇਆ ਤੇ ਸੁਭਾਸ ਨੂੰ ਫੜ ਕੇ ਅਲੀਪੁਰ ਜੇਲ੍ਹ ਭੇਜ ਦਿੱਤਾ।

1930 'ਚ ਉਹ ਇੱਕ ਵਾਰੀ ਬਾਬਾ ਗੁਰਦਿੱਤ ਸਿੰਘ ਨਾਲ ਭਗਤ ਸਿੰਘ ਅਤੇ ਸਾਥੀਆਂ ਤੇ ਮੈਜਿਸਟਰੇਟੀ ਅਦਾਲਤੇ ਕੇਸ ਦੌਰਾਨ ਲਾਹੌਰ ਸੈਂਟਰਲ ਜੇਲ੍ਹ ਵੀ ਪਧਾਰੇ ਸਨ।

ਜਦੋਂ ਗਾਂਧੀ ਜੀ 'ਗਾਂਧੀ-ਇਰਵਨ ਸਮਝੌਤੇ' ਪਿਛੋਂ ਲੰਡਨ ਤੋਂ 'ਦੂਜੀ ਗੋਲਮੇਜ਼ ਕਾਨਫਰੰਸ' ਤੋਂ ਖਾਲੀ ਹੱਥ ਵਾਪਸ ਆ ਗਏ ਤਾਂ ਉਨ੍ਹਾਂ ਨੇ ਕੁੱਲ ਹਿੰਦ ਕਾਂਗਰਸ ਕਮੇਟੀ ਦੀ ਬੰਬਈ ਵਿੱਚ ਬੈਠਕ ਬੁਲਾਈ, ਜਿਸ ਵਿੱਚ ਸੁਭਾਸ ਨੂੰ ਬੰਗਾਲ ਕਾਂਗਰਸ ਕਮੇਟੀ ਦੇ ਪ੍ਰਧਾਨ ਵਜੋਂ ਵਿਸ਼ੇਸ਼ ਤੌਰ ਤੇ ਸੱਦਾ ਭੇਜਿਆ ਗਿਆ। ਉਹ ਗਾਂਧੀ ਜੀ ਦੀ ਨੀਤੀ ਨਾਲ ਸਹਿਮਤ ਨਾ ਹੋਏ ਤੇ ਉਨ੍ਹਾਂ ਬੰਗਾਲ ਕਾਂਗਰਸ ਦੀ ਪ੍ਰਧਾਨਗੀ ਤੇ ਨਾਲ ਹੀ ਕਲਕੱਤਾ ਕਾਰਪੋਰੇਸ਼ਨ ਦੇ ਮੇਅਰ ਦੀ ਪਦਵੀ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਨੂੰ ਬੰਬਈ ਤੋਂ ਕਲਕੱਤਾ ਵੱਲ ਰਵਾਨਾ ਹੁੰਦਿਆਂ ਹੀ ਸਥਾਨਕ ਕਲਿਆਣ ਸਟੇਸ਼ਨ ਤੇ 1818 ਤੇ ਤੀਸਰੇ ਰੈਗੂਲੇਸ਼ਨ ਤਹਿਤ ਗ੍ਰਿਫ਼ਤਾਰ ਕਰ ਕੇ ਮਦਰਾਸ (ਚੇਨਈ) ਜੇਲ੍ਹ ਅੰਦਰ ਡੱਕ ਦਿੱਤਾ ਗਿਆ। ਸਿਹਤ ਵਿਗੜਦੇ ਵੇਖ ਉਨ੍ਹਾਂ ਨੂੰ ਭੁਵਾਲੀ ਸੈਨੇਟੋਰੀਅਮ ਭੇਜ ਦਿੱਤਾ ਗਿਆ, ਪਰ ਕੋਈ ਫ਼ਰਕ ਨਾ ਪੈਂਦੇ ਵੇਖ ਡਾਕਟਰਾਂ ਨੇ ਜਾਂਚ ਕੀਤੀ ਕਿ ਉਨ੍ਹਾਂ ਨੂੰ ਤਪਦਿਕ ਹੋ ਗਈ ਹੈ।

ਸਿਹਤਯਾਬੀ ਲਈ ਇਹ ਨਾ ਚਾਹੁੰਦੇ ਹੋਏ ਵੀ ਦੋਸਤਾਂ ਦੇ ਜ਼ੋਰ ਦੇਣ 'ਤੇ ਜਨਵਰੀ 1934 ਵਿੱਚ ਫਿਰ ਵਿਆਨਾ ਚਲੇ ਗਏ। ਉਨ੍ਹਾਂ ਨੇ ਵਿਦੇਸ਼ ਰਹਿੰਦਿਆਂ 'ਇੰਡੀਅਨ ਸਟਰੱਗਲ' ਨਾਂ ਦੀ ਇੱਕ ਪੁਸਤਕ ਦੀ ਰਚਨਾ ਕੀਤੀ, ਜੋ ਉਨ੍ਹਾਂ ਦੇ ਨਜ਼ਰੀਏ 'ਤੇ ਆਧਾਰਤ ਸੀ, ਪਰ ਹਿੰਦ ਸਰਕਾਰ ਨੇ ਇਸ ਦੇ ਹਿੰਦੁਸਤਾਨ ਵਿੱਚ ਦਰਾਮਦ ਦੀ ਮਨਾਹੀ ਕਰ ਦਿੱਤੀ। ਵਿਦੇਸ਼ ਰਹਿੰਦਿਆਂ ਉਹ ਇਟਲੀ ਦੇ ਹਾਕਮ ਮਸੋਲੀਨੀ, ਅਫਗਾਨਿਸਤਾਨ ਦੇ ਬਾਦਸ਼ਾਹ ਅਮਾਨੁਲਾ ਖ਼ਾਂ ਅਤੇ ਆਇਰਲੈਂਡ ਦੇ ਪ੍ਰਸਿੱਧ ਇਨਕਲਾਬੀ ਰਾਸ਼ਟਰਪਤੀ ਡੀ. ਵਲੇਰਾ ਨੂੰ ਵੀ ਮਿਲੇ।

ਇੱਕ ਸਾਲ ਉਹ ਗਾਂਧੀ ਜੀ ਨਾਲ ਮਿਲ ਕੇ ਚੱਲੇ ਤਾਂ ਸਹੀ, ਪਰ ਉਨ੍ਹਾਂ ਦੇ ਵਿਚਾਰ ਕਦੇ ਵੀ ਇਕਸਾਰ ਨਾ ਹੋ ਸਕੇ। ਅਗਲੇਰਾ ਸੈਸ਼ਨ ਜੋ ਤ੍ਰਿਪੁਰਾ ਵਿੱਚ ਹੋਣਾ ਸੀ, ਗਾਂਧੀ ਜੀ ਨੇ ਸੁਭਾਸ ਦੀ ਥਾਂ 'ਤੇ ਆਪਣੇ ਸਮਰਥਕ ਪਟਾਭਾਈ ਸੀਤਾਰਾਮਈਆ ਦਾ ਨਾਂ ਪ੍ਰਧਾਨਗੀ ਲਈ ਸੁਝਾਇਆ। 20 ਫਰਵਰੀ ਨੂੰ ਪਈਆਂ ਵੋਟਾਂ ਵਿੱਚ ਸੁਭਾਸ ਦੀ ਫਤਹਿ ਹੋਈ। ਗਾਂਧੀ ਜੀ ਨੇ ਪਟਾਭਾਈ ਦੀ ਹਾਰ ਨੂੰ ਆਪਣੀ ਨਿੱਜੀ ਹਾਰ ਕਿਹਾ। ਉਨ੍ਹਾਂ ਦੇ ਇਸ ਸੰਕੇਤ ਦੇ

ਪ੍ਰਤਿਕਰਮ ਵਜੋਂ, ਇੱਕ ਪੰਡਤ ਜਵਾਹਰ ਲਾਲ ਨਹਿਰੂ ਤੋਂ ਇਲਾਵਾ ਬਾਕੀ ਕਾਂਗਰਸ ਵਰਕਿੰਗ ਕਮੇਟੀ ਦੇ ਸਾਰੇ ਮੈਂਬਰਾਂ ਨੇ ਅਸਤੀਫ਼ੇ ਦੇ ਦਿੱਤੇ। ਸੁਭਾਸ ਪਹਿਲਾਂ ਹੀ ਬੀਮਾਰੀਆਂ ਦੇ ਝੰਬੇ ਹੋਏ ਸਨ, ਸਟਰੈਚਰ 'ਤੇ ਪਾ ਕੇ ਉਨ੍ਹਾਂ ਨੂੰ ਪੰਡਾਲ ਵਿੱਚ ਲਿਆਂਦਾ ਗਿਆ, ਕਿਉਂਕਿ ਉਸ ਵੇਲੇ ਉਨ੍ਹਾਂ ਨੂੰ 103 ਡਿਗਰੀ ਬੁਖਾਰ ਸੀ। ਤਾਂ ਵੀ ਕਾਰਜ ਕਰਤਾਵਾਂ ਨੇ ਸਮਾਗਮ ਦੌਰਾਨ ਵਾਰੋ-ਵਾਰੀ ਉਨ੍ਹਾਂ ਦੇ ਊਜਾਂ ਲਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਉਨ੍ਹਾਂ ਨੈਤਿਕ ਆਧਾਰ 'ਤੇ ਅਪ੍ਰੈਲ ਵਿੱਚ ਕਾਂਗਰਸ ਵਰਕਿੰਗ ਕਮੇਟੀ ਨੂੰ ਪ੍ਰਧਾਨਗੀ ਤੋਂ ਆਪਣਾ ਅਸਤੀਫ਼ਾ ਭੇਜ ਦਿੱਤਾ।

ਸੁਭਾਸ ਨੇ ਫਿਰ ਨਿਰਾਸ਼ ਹੋਕੇ 'ਫ਼ਾਰਵਰਡ ਬਲਾਕ' ਦਾ ਗਠਨ ਕੀਤਾ। ਉਨ੍ਹਾਂ ਨੂੰ ਕਾਂਗਰਸ ਵਰਕਿੰਗ ਕਮੇਟੀ ਨੇ 11 ਅਗਸਤ 1939 ਨੂੰ ਤਿੰਨ ਸਾਲ ਲਈ ਪਾਰਟੀ ਵਿੱਚੋਂ ਕੱਢ ਦਿੱਤਾ। ਬੰਗਾਲ ਸੂਬੇ ਦੇ ਕਾਂਗਰਸੀ ਇਸ ਅਪਮਾਨ ਨੂੰ ਬਰਦਾਸ਼ਤ ਨਾ ਕਰ ਸਕੇ ਤੇ ਉਨ੍ਹਾਂ ਫਿਰ ਸੁਭਾਸ ਬਾਬੂ ਨੂੰ ਬੰਗਾਲ ਕਾਂਗਰਸ ਕਮੇਟੀ ਦਾ ਪ੍ਰਧਾਨ ਚੁਣ ਲਿਆ।

15 ਜਨਵਰੀ 1940 ਨੂੰ ਸੁਭਾਸ ਇੱਕ ਮੌਲਵੀ ਦਾ ਭੇਸ ਧਾਰ ਕੇ, ਖ਼ੁਫ਼ੀਆ ਪੁਲਿਸ ਦੀ ਅੱਖੀਂ ਘੱਟਾ ਪਾ ਕੇ ਖਿਸਕ ਗਏ ਤੇ ਕਈ ਜੋਖਮ ਭਰੇ ਪੜਾਅ ਪਾਰ ਕਰਕੇ 26 ਜਨਵਰੀ 1941 ਨੂੰ ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਜਾ ਪਹੁੰਚੇ। ਉਹ 28 ਮਾਰਚ ਨੂੰ ਜਰਮਨੀ ਦੀ ਰਾਜਧਾਨੀ ਬਰਲਿਨ ਪਹੁੰਚੇ, ਜਿੱਥੇ ਉਨ੍ਹਾਂ ਦੀ ਹਿਟਲਰ ਨਾਲ ਭੇਟ ਹੋਈ। ਜਰਮਨੀ ਵਿੱਚ ਉਨ੍ਹਾਂ ਹਿੰਦੁਸਤਾਨੀ ਜੰਗੀ ਕੈਦੀਆਂ ਨੂੰ ਹਿੰਦੁਸਤਾਨ ਦੇ ਆਜ਼ਾਦੀ ਸੰਗਰਾਮੀਏ ਬਣਨ ਦੀ ਪ੍ਰੇਰਣਾ ਦੇ ਕੇ ਉਥੇ 'ਆਜ਼ਾਦ ਹਿੰਦ ਫੌਜ' ਦਾ ਗਠਨ ਕੀਤਾ।

ਸੁਭਾਸ ਨੇ ਸੋਚਿਆ ਕਿ ਜਰਮਨੀ ਭਾਰਤ ਤੋਂ ਬਹੁਤ ਵੱਡੀ ਦੂਰੀ 'ਤੇ ਹੈ ਤੇ ਜ਼ਮੀਨੀ ਫੌਜਾਂ ਇਥੋਂ ਚਲ ਕੇ ਭਾਰਤ ਨੂੰ ਫਤਹਿ ਨਹੀਂ ਕਰ ਸਕਣਗੀਆਂ; ਉਧਰ ਉਨ੍ਹਾਂ ਨੂੰ ਜਾਪਾਨ ਵੱਲੋਂ ਤੇ ਆਪਣੇ ਹਿੰਦੀ ਦੇਸ਼ ਭਗਤਾਂ ਵੱਲੋਂ ਸੱਦਾ ਆਇਆ ਕਿ ਓਧਰ ਚਲੇ ਆਓ। ਉਨ੍ਹੀਂ ਦਿਨੀਂ ਜਾਪਾਨੀ ਫੌਜਾਂ ਬਿਨਾਂ ਰੋਕ-ਟੋਕ ਭਾਰਤ ਵੱਲ ਵਧਦੀਆਂ ਆ ਰਹੀਆਂ ਸਨ। ਸੋ ਆਪ ਇੱਕ ਪਣਡੁਬੀ ਰਾਹੀਂ 20 ਜੂਨ 1943 ਨੂੰ ਜਾਪਾਨ ਦੀ ਰਾਜਧਾਨੀ ਟੋਕੀਓ ਜਾ ਪਹੁੰਚੇ।

**ਆਜ਼ਾਦ ਹਿੰਦ ਫੌਜ**

ਸੁਭਾਸ ਬਾਬੂ ਦੇ ਜਾਪਾਨ ਆਉਣ ਤੋਂ ਪਹਿਲਾਂ ਹੀ ਜਨਰਲ ਮੋਹਨ ਸਿੰਘ ਦੀ ਅਗਵਾਈ ਹੇਠ ਆਜ਼ਾਦ ਹਿੰਦ ਫੌਜ ਹੋਂਦ ਵਿੱਚ ਆ ਚੁੱਕੀ ਸੀ, ਪਰ ਕੁੱਝ ਅਣਸੁਖਾਵੀਆਂ ਘਟਨਾਵਾਂ ਕਰਕੇ ਡਾਵਾਂਡੋਲ ਹਾਲਤ ਵਿੱਚ ਸੀ, ਜੋ ਇਨ੍ਹਾਂ ਦੇ ਆਉਂਦਿਆਂ ਹੀ ਨੌਂ-ਬਰ-ਨੌਂ ਹੋ ਗਈ। ਬਦਕਿਸਮਤੀ ਨਾਲ ਅਜੇ ਇਹ ਭਾਰਤ ਵਿੱਚ ਪੈਰ ਜਮਾ ਹੀ ਰਹੇ ਸਨ ਕਿ ਬਰਸਾਤਾਂ ਸ਼ੁਰੂ ਹੋ ਗਈਆਂ ਜਿਸ ਕਰਕੇ ਦੁਸ਼ਮਣ ਇਨ੍ਹਾਂ 'ਤੇ ਭਾਰੂ ਹੋਣ ਲੱਗ ਪਿਆ ਤੇ ਵਿਸ਼ਵ ਪੱਧਰ 'ਤੇ ਜੰਗ ਦਾ ਪਾਸਾ ਵੀ ਅੰਗਰੇਜ਼ ਦੇ ਹੱਕ ਵਿੱਚ ਪਲਟਣ ਲੱਗਾ।

**ਆਖਰੀ ਉਡਾਨ**

24 ਅਪ੍ਰੈਲ 1945 ਨੂੰ ਆਪ ਰੰਗੂਨ ਤੋਂ ਬੈਂਕਾਕ ਚਲੇ ਗਏ, ਉਥੋਂ ਸਿੰਗਾਪੁਰ ਗਏ ਤੇ 16 ਅਗਸਤ ਦੇ ਦਿਨ ਹਵਾਈ ਜਹਾਜ਼ ਰਾਹੀਂ ਟੋਕੀਓ ਲਈ ਰਵਾਨਾ ਹੋਏ। 18 ਅਗਸਤ ਨੂੰ ਇਹ ਜਹਾਜ ਫਾਰਮੂਸਾ (ਤਾਇਵਾਨ) ਦ ਤਾਇਹੋਕੂ ਹਵਾਈ ਅੱਡੇ 'ਤੇ ਹਾਦਸੇ ਦਾ ਸ਼ਿਕਾਰ ਹੋਇਆ ਤੇ ਨੇਤਾ ਜੀ ਅੱਗ ਦੀ ਲਪੇਟ ਵਿੱਚ ਆਉਣ ਕਰਕੇ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਉਨ੍ਹਾਂ ਦੀ ਜੀਵਨ ਯਾਤਰਾ ਦੇ ਅੰਤਮ ਪੜਾਅ ਬਾਰੇ ਅਜੇ ਵੀ ਵਿਵਾਦ ਚੱਲ ਰਹੇ ਸਨ।

**ਨੇਤਾ ਜੀ ਤੇ ਆਜ਼ਾਦੀ ਸੰਗ੍ਰਾਮ**

ਆਜ਼ਾਦ ਹਿੰਦ ਫੌਜ ਲੜਾਈ ਦੇ ਮੈਦਾਨ ਵਿੱਚ ਭਾਵੇਂ ਮਾਤ ਖਾ ਗਈ, ਪਰ ਇਸ ਦੇ ਅਣਚਾਹੇ ਅਤੇ

ਅਣਕਿਆਸੇ ਪ੍ਰਭਾਵਾਂ ਤਹਿਤ ਹੀ ਅੰਗਰੇਜ਼ਾਂ ਦੇ ਵਿਸ਼ਵ ਯੁੱਧ ਵਿੱਚ ਜਿੱਤ ਹਾਸਿਲ ਕਰਨ ਦੇ ਦੋ ਕੁ ਸਾਲ ਪਿੱਛੋਂ ਹੀ ਉਨ੍ਹਾਂ ਨੂੰ ਭਾਰਤ ਤੋਂ ਆਪਣਾ ਬਿਸਤਰਾ ਗੋਲ ਕਰਨਾ ਪਿਆ, ਜਿਸ ਖਾਤਰ ਅੰਗਰੇਜ਼ਾਂ ਨੇ ਇਹ ਜੰਗ ਲੜੀ ਸੀ।

ਹੋਇਆ ਇੰਜ ਕਿ ਲੜਾਈ ਮੁੱਕਣ ਪਿੱਛੋਂ ਆਈ.ਐਨ.ਏ. ਦੇ ਤਿੰਨ ਪ੍ਰਮੁੱਖ ਅਫ਼ਸਰਾਂ — ਪ੍ਰੇਮ ਨਾਥ ਸਹਿਗਲ, ਗੁਰਬਖ਼ਸ ਸਿੰਘ ਢਿੱਲੋਂ ਅਤੇ ਸ਼ਾਹਨਿਵਾਜ਼ ਖਾਂ ਦਾ ਕੋਰਟ ਮਾਰਸ਼ਲ ਵਿੱਢ ਦਿੱਤਾ ਤੇ ਵਿਦਰੋਹ ਦੇ ਗੰਭੀਰ ਦੋਸ਼ ਲਾਏ ਗਏ ਜਿਨ੍ਹਾਂ ਦੇ ਆਧਾਰ 'ਤੇ ਇਨ੍ਹਾਂ ਨੂੰ ਫਾਂਸੀ ਦੀ ਸਜ਼ਾ ਵੀ ਹੋ ਸਕਦੀ ਸੀ। ਦੇਸ਼ ਵਾਸੀਆਂ ਨੂੰ ਲੱਗਾ ਕਿ ਜਿੱਥੇ ਬਾਕੀ ਦੇ ਦੇਸ਼ਾਂ ਵਿੱਚ ਜੰਗ ਦੌਰਾਨ ਮਾਤ-ਭੂਮੀ ਖਾਤਰ ਜੂਝਣ ਵਾਲਿਆਂ ਨੂੰ ਮਾਨ-ਸਨਮਾਨ ਦਿੱਤੇ ਜਾ ਰਹੇ ਹਨ, ਇਸ ਦੇ ਐਨ ਉਲਟ ਸਾਡੇ ਦੇਸ਼ ਭਗਤਾਂ ਲਈ ਫਾਂਸੀ ਦੇ ਰੱਸੇ ਹਨ।

ਜ਼ਿਕਰਯੋਗ ਹੈ ਕਿ ਆਜ਼ਾਦ ਹਿੰਦ ਫੌਜ ਵਾਲੇ ਜਾਂਬਾਜ਼ ਜੋਧਿਆਂ ਵਿੱਚ ਹਿੰਦੂ, ਸਿੱਖ, ਮੁਸਲਮਾਨ ਸਾਰੇ ਹੀ ਵੱਡੀ ਗਿਣਤੀ ਵਿੱਚ ਸ਼ਾਮਿਲ ਸਨ ਤੇ ਸ਼ਾਇਦ ਇਸੇ ਲਈ ਸਰਕਾਰ ਨੇ ਇਨ੍ਹਾਂ ਤਿੰਨ (ਹਿੰਦੂ, ਸਿੱਖ, ਮੁਸਲਿਮ) ਜਰਨੈਲਾਂ — ਸਹਿਗਲ, ਢਿੱਲੋਂ ਅਤੇ ਸ਼ਾਹਨਵਾਜ਼ ਨੂੰ ਕੋਰਟ ਮਾਰਸ਼ਲ ਲਈ ਚੁਣਿਆ। ਕੁੱਝ ਵੀ ਹੋਵੇ ਜਨਤਕ ਵਿਦਰੋਹ ਦੇ ਮਾਹੌਲ ਵਿੱਚ ਲੋਕਾਈ ਦੇ ਮਨ-ਮਸਤਕ ਵਿਚੋਂ ਆਪ ਮੁਹਾਰੇ ਦੇਸ਼ ਦੇ ਕੋਨੇ-ਕੋਨੇ ਵਿੱਚ ਨਾਅਰੇ ਗੂੰਜ ਉੱਠੇ:

ਲਾਲ ਕਿਲ੍ਹੇ ਸੇ ਆਈ ਆਵਾਜ਼,<br>
ਸਹਿਗਲ ਢਿੱਲੋਂ ਸ਼ਾਹਨਿਵਾਜ਼।

ਸਭ ਤੋਂ ਪਹਿਲਾਂ ਆਜ਼ਾਦ ਹਿੰਦ ਫੌਜੀਆਂ ਨਾਲ ਕੀਤੇ ਗਏ ਸ਼ਰਮਨਾਕ ਸਲੂਕ ਦੇ ਪ੍ਰਭਾਵ ਹੇਠ ਏਅਰ ਫਰਸ, ਨੇਵੀ ਅਤੇ ਕਈ ਥਾਂਈ ਫੌਜੀ ਟੁਕੜੀਆਂ ਵਿੱਚ ਹੜਤਾਲਾਂ ਹੋਣ ਲੱਗੀਆਂ। 1945-46 ਦੀਆਂ ਅਖ਼ਬਾਰਾਂ ਉਨ੍ਹਾਂ ਹੜਤਾਲਾਂ ਦੀਆਂ ਖ਼ਬਰਾਂ ਨਾਲ ਭਰੀਆਂ ਪਈਆਂ ਹਨ। ਅਖੀਰ ਇਹੀ ਵਿਦਰੋਹੀ ਲਾਟ ਨੇਵੀ ਦੀ ਵੱਡੀ ਹੜਤਾਲ ਦੇ ਰੂਪ ਵਿੱਚ 19 ਫ਼ਰਵਰੀ 1946 ਨੂੰ ਭਿਆਨਕ ਵਿਰਦੋਹ ਦੇ ਰੂਪ ਵਿੱਚ ਪ੍ਰਗਟ ਹੋਈ ਤੇ ਉਸੇ ਸ਼ਾਮੀ ਲੰਡਨ ਵਿਖੇ ਹਾਊਸ ਆਫ਼ ਲਾਰਡਜ਼ ਵਿੱਚ ਅੰਗਰੇਜ਼ੀ ਸਰਕਾਰ ਵੱਲੋਂ ਭਾਰਤ ਦੀ ਆਜ਼ਾਦੀ ਲਈ ਰਾਹ ਪੱਧਰਾ ਕਰਨ ਲਈ ਕਬਨਿਟ ਮਿਸ਼ਨ ਭੇਜਣ ਦਾ ਐਲਾਨ ਹੁੰਦਾ ਹੈ। ਨੇਵੀ ਦੀ ਹੜਤਾਲ ਦੀ ਹਮਾਇਤ 'ਚ ਬੰਬਈ ਦੇ ਹਜ਼ਾਰਾਂ ਮਜ਼ਦੂਰਾਂ ਅਤੇ ਸਹਿਰੀਆਂ ਨੇ ਵੀ ਹੜਤਾਲਾਂ ਤੇ ਰੋਸ ਜਲੂਸ ਕਢੇ, ਜਿਨਾਂ ਤੇ ਅਨੇਵਾਹ ਫਾਇਰਿੰਗ ਹੋਈ ਤੇ ਸ਼ਹਿਰ ਦੀਆਂ ਗਲੀਆਂ ਅਤੇ ਬਾਜਾਰ ਲਹੂ ਲੁਹਾਣ ਹੋ ਗਏ, ਜਿਸ ਬਾਰ ਉਰਦੂ ਦੇ ਪ੍ਰਸਿੱਧ ਸ਼ਾਇਰ, ਸ਼ਾਇਰ ਲੁਧਿਆਣਵੀ ਨੇ ਆਪਣੀ ਇੱਕ ਨਜ਼ਮ ਵਿੱਚ ਲਿਖਿਐ:

ਜਨਤਾ ਕਾ ਲਹੂ ਫੌਜੋਂ ਸੇ ਮਿਲਾ, ਫੌਜੋਂ ਦਾ ਲਹੂ ਜਨਤਾ ਸ ਮਿਲਾ।

ਵਿਚਾਰਨ ਵਾਲੀ ਗੱਲ ਹੈ ਕਿ ਆਖ਼ਰ 1946 ਵਿੱਚ ਕਿਹੜਾ ਅੰਦੋਲਨ ਚਲ ਰਿਹਾ ਸੀ, ਜਿਸ ਕਰਕੇ ਅੰਗਰੇਜ਼ਾਂ ਨੂੰ ਭਾਜੜਾਂ ਪੈ ਗਈਆਂ — ਸਪੱਸ਼ਟ ਹੈ ਕਿ ਫੌਜਾਂ ਬਾਗੀ ਹੋਣ ਲੱਗੀਆਂ ਤੇ ਨਾਲੇ ਜਨਤਕ ਜਾਗਰੂਕਤਾ ਨੇ ਪ੍ਰਚੰਡ ਰੂਪ ਧਾਰਨ ਕਰ ਲਿਆ, ਤਾਂ ਹੀ 15 ਅਗਸਤ 1947 ਨ ਆਜ਼ਾਦੀ ਦਾ ਮੂੰਹ ਵੇਖਣਾ ਨਸੀਬ ਹੋਇਆ ਸੀ।

ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109<br>
ਈਮੇਲ: mjswaraich29@gmail.com<br>
ਫੋਨ: 0172-2556314

---